a2zpapers.com

Exam. Code : 103201
Subject Code : 1002

## B.A./B.Sc. Semester—I
## PUNJABI COMPULSORY

Time Allowed—3 Hours] [Maximum Marks—50

**ਨੋਟ** :— ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠ ਲਿਖੀਆਂ ਕਾਵਿਤਾਵਾਂ ਵਿਚੋਂ ਕਿਸੇ **ਇਕ** ਕਵਿਤਾ ਦਾ ਭਾਵਪੂਰਤ ਸਾਰ ਲਿਖੋ :

   (ੳ) ਸ਼ੇਰ ਪੰਜਾਬੀ ਦੀ

   (ਅ) ਸੰਜੋਗ ਵਿਯੋਗ। 10

2. ਹੇਠ ਲਿਖੇ ਕਲਾਕਾਰਾਂ ਵਿਚੋਂ ਕਿਸੇ **ਇਕ** ਕਲਾਕਾਰ ਦੀ ਸ਼ਖ਼ਸੀਅਤ ਉਭਾਰੋ :

   (ੳ) ਸੋਭਾ ਸਿੰਘ

   (ਅ) ਪ੍ਰਿਥਵੀ ਰਾਜ ਕਪੂਰ। 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਤੇ ਪੈਰ੍ਹਾ ਰਚਨਾ ਲਿਖੋ :

   (ੳ) ਸੂਚਨਾ ਤਕਨਾਲੋਜੀ

   (ਅ) ਸਵੱਛ ਭਾਰਤ

   (ੲ) ਔਰਤ ਵਿਰੁੱਧ ਅਪਰਾਧ। 5



a2zpapers.com
www.a2zpapers.com
We provide GNDU question papers, PTU question papers, PU question papers

a2zpapers.com

4. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਜਿਸ ਨੇ ਕਿਸੇ ਵਿਚਾਰ ਵਿੱਚ ਪੈ ਕੇ ਨਿੱਤ-ਨਿੱਤ ਬਦ-ਦਿਆਨਤੀ ਦਾ ਟਾਕਰਾ ਨਹੀਂ ਕੀਤਾ, ਉਸ ਨੇ ਦਿਆਨਤਦਾਰੀ ਦਾ ਗੁਣ ਕਿਵੇਂ ਸਿੱਖਣਾ ਹੋਇਆ ? ਇਸੇ ਤਰ੍ਹਾਂ ਜਿਸ ਨੇ ਪਿਤਾ, ਮਾਤਾ, ਭਰਾ, ਭੈਣ, ਪੁੱਤਰ, ਧੀ ਬਣ ਕੇ ਇੰਨ੍ਹਾਂ ਔਕੜਾਂ ਦਾ ਮੁਕਾਬਲਾ ਨਹੀਂ ਕੀਤਾ, ਉਸ ਨੂੰ ਇਨ੍ਹਾਂ ਸੰਬੰਧਾਂ ਵਿਚੋਂ ਪੈਦੇ ਹੋਏ ਗੁਣ, ਪਿਤਾ-ਪੁਣਾ, ਪੁੱਤਰ-ਪੁਣਾ ਆਦਿ ਕਿਵੇਂ ਸਿੱਖੇ ਜਾ ਸਕਦੇ ਹਨ ? ਪਿਆਰ, ਹਮਦਰਦੀ, ਕੁਰਬਾਨੀ, ਸੇਵਾ ਆਦਿ ਕਦੀ ਵੀ ਨਹੀਂ ਸਿੱਖੇ ਜਾ ਸਕਦੇ ਜਦੋਂ ਤੱਕ ਮਨੁੱਖ ਘਰ ਦੇ ਸੰਬੰਧੀਆਂ ਨਾਲ ਪਿਆਰ, ਉਨ੍ਹਾਂ ਦੀ ਸੰਭਾਲ ਲਈ ਉੱਦਮ ਤੇ ਲਿਆਕਤ ਨਾ ਪੈਦਾ ਕਰੇ। ਘਰ ਦੇ ਪਿਆਰ ਤੋਂ ਹੀ ਸਮਾਜ ਤੇ ਦੇਸ਼ ਦਾ ਪਿਆਰ ਪੈਦਾ ਹੁੰਦਾ ਹੈ। ਉਹੀ ਲੋਕ ਆਪਣੇ ਮੁਲਕ ਉੱਤੇ ਹਮਲੇ ਜਾਂ ਅਤਿਆਚਾਰ ਨਹੀਂ ਸਹਾਰ ਸਕਦੇ ਜਿਨ੍ਹਾਂ ਦੇ ਘਰਾਂ ਨੂੰ ਨੁਕਸਾਨ ਹੋਣ ਦਾ ਖਤਰਾ ਹੁੰਦਾ ਹੈ।

ਪ੍ਰਸ਼ਨ :

(1) ਦਿਆਨਤਦਾਰੀ ਦਾ ਗੁਣ ਕਿਵੇਂ ਸਿੱਖਿਆ ਜਾਂਦਾ ਹੈ ?

(2) ਮਾਨਵੀਂ ਸੰਬੰਧਾਂ ਵਿਚੋਂ ਪੈਦਾ ਹੋਏ ਗੁਣ ਕਿਵੇਂ ਸਿੱਖੇ ਜਾ ਸਕਦੇ ਹਨ ?

(3) ਮਨੁੱਖ ਪਿਆਰ, ਹਮਦਰਦੀ, ਕੁਰਬਾਨੀ, ਸੇਵਾ ਕਿਵੇਂ ਸਿੱਖ ਸਕਦਾ ਹੈ ?

(4) ਸਮਾਜ ਤੇ ਦੇਸ਼ ਦਾ ਪਿਆਰ ਕਿਵੇਂ ਪੈਦਾ ਹੁੰਦਾ ਹੈ ?

(5) ਕਿਹੜੇ ਲੋਕ ਆਪਣੇ ਦੇਸ਼ ਤੇ ਹਮਲਾ ਜਾਂ ਅਤਿਆਚਾਰ ਨਹੀਂ ਸਹਾਰ ਸਕਦੇ ? 5×1=5



a2zpapers.com
www.a2zpapers.com
We provide GNDU question papers, PTU question papers, PU question papers

a2zpapers.com

5. ਪੰਜਾਬੀ ਦੀਆਂ ਵਿਅੰਜਨ ਧੁਨੀਆਂ ਦਾ ਉਚਾਰਨ ਸਥਾਨ ਦੇ ਆਧਾਰ ਤੇ ਵਰਗੀਕਰਨ ਪੇਸ਼ ਕਰੋ।

**ਜਾਂ**

ਪੰਜਾਬੀ ਦੀਆਂ ਪ੍ਰਮੁੱਖ ਉਪ-ਭਾਸ਼ਾਵਾਂ ਦੇ ਉਪਰ ਨੋਟ ਲਿਖੋ। 10

6. (ੳ) ਪੰਜਾਬੀ ਭਾਸ਼ਾ ਦੇ ਪਹਿਲੀ ਭਾਸ਼ਾ ਵਜੋਂ ਅਧਿਆਪਣ ਦੀਆਂ ਪ੍ਰਮੁੱਖ ਸਮੱਸਿਆਵਾਂ ਦਾ ਉਲੇਖ ਕਰੋ।

**ਜਾਂ**

ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜਾਉਣ ਦਾ ਕੀ ਮਹੱਤਵ ਹੈ ? ਉਦਾਹਰਣਾਂ ਸਹਿਤ ਲਿਖੋ।

(ਅ) ਪੰਜਾਬੀ ਭਾਸ਼ਾ ਦੇ ਪਹਿਲੀ ਭਾਸ਼ਾ ਵਜੋਂ ਪੜ੍ਹਾਏ ਜਾਣ ਦਾ ਕੀ ਮਹੱਤਵ ਹੈ ?

**ਜਾਂ**

ਪੰਜਾਬੀ ਨੂੰ ਦੂਸਰੀ ਭਾਸ਼ਾ ਵਜੋਂ ਪੜ੍ਹਾਉਣ ਦੀਆਂ ਕੀ ਸੀਮਾਵਾਂ ਹੋ ਸਕਦੀਆਂ ਹਨ, ਦਾ ਉਲੇਖ ਕਰੋ। 5×2=10



a2zpapers.com
www.a2zpapers.com
We provide GNDU question papers, PTU question papers, PU question papers
a2zpapers.com